OVERLAKE MEDICAL CENTER

OVERLAKE MEDICAL CLINICS

ਸਿਹਤ ਦੇਖਭਾਲ ਸਬੰਧੀ ਸੇਵਾਵਾਂ ਦੇ ਆਪਣੇ ਪ੍ਰਦਾਤਾ ਵਜੋਂ ਓਵਰਲੇਕ ਮੈਡਿਕਲ ਸੈਂਟਰ ਦੀ ਚੋਣ ਕਰਨ ਲਈ ਤੁਹਾਡਾ ਧੰਨਵਾਦ। ਅਸੀਂ ਸੇਵਾਵਾਂ ਲਈ ਤੁਹਾਡੇ ਰਜਿਸਟਰ ਕਰਨ ਦੇ ਸਮੇਂ ਤੋਂ ਲੈ ਕੇ ਤੁਹਾਡੇ ਮਰੀਜ਼ ਖਾਤੇ ਨੂੰ ਸੁਲਝਾਉਣ ਦੇ ਸਮੇਂ ਤਕ, ਸਾਡੇ ਨਾਲ ਤੁਹਾਡੇ ਅਨੁਭਵ ਨੂੰ ਜਿੰਨਾਂ ਜ਼ਿਆਦਾ ਸੰਭਵ ਹੋ ਸਕੇ, ਸੁਖਦ ਬਣਾਉਣਾ ਚਾਹੁੰਦੇ ਹਾਂ। ਅਸੀਂ ਸਵੀਕਾਰ ਕਰਦੇ ਹਾਂ ਕਿ ਵਿੱਤੀ ਮੁਸ਼ਕਲਾਂ ਸਿਹਤ ਦੇਖਭਾਲ ਸੇਵਾਵਾਂ ਨੂੰ ਪ੍ਰਾਪਤ ਕਰਨ ਵਿੱਚ ਸੰਗਤ ਕਰ ਸਕਦੀਆਂ ਹਨ ਅਤੇ ਚਾਹੁੰਦੇ ਹਾਂ ਕਿ ਤੁਸੀਂ ਇਹ ਜਾਣੋ ਕਿ ਅਸੀਂ ਤੁਹਾਡੀ ਮਦਦ ਕਰਨ ਲਈ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦੇ ਹਾਂ। ਅਸੀਂ ਵਿੱਤੀ ਸਲਾਹਕਾਰਾਂ ਤੋਂ ਕੰਮ ਲੈਂਦੇ ਹਾਂ ਜਿਨ੍ਹਾਂ ਨੂੰ ਉਨ੍ਹਾਂ ਕੋਈ ਵੀ ਸੁਆਲਾਂ ਦੇ ਜਵਾਬ ਦੇਣ ਵਿੱਚ ਖੁਸ਼ੀ ਹੁੰਦੀ ਹੈ ਜੋ ਤੁਹਾਡੇ ਸਾਡੇ ਪ੍ਰੋਗਰਾਮਾਂ ਬਾਰੇ ਹੋ ਸਕਦੇ ਹਨ ਅਤੇ ਉਹ ਤੁਹਾਡੇ ਲਈ ਸਭ ਤੋਂ ਵਧੀਆ ਪ੍ਰੋਗਰਾਮ ਲਈ ਅਰਜ਼ੀ ਦੇਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।

## ਤੁਰੰਤ ਭੁਗਤਾਨ ਛੂਟ ਪ੍ਰੋਗਰਾਮ

ਇਹ ਪ੍ਰੋਗਰਾਮ ਸਿਰਫ ਡਾਕਟਰੀ ਤੌਰ ਤੇ ਜ਼ਰੂਰੀ ਸੇਵਾਵਾਂ ਲਈ ਹੀ ਉਪਲਬਧ ਹੈ ਜਿੱਥੇ ਕੋਈ ਵੀ ਬੀਮਾ ਸੁਰੱਖਿਆ ਉਪਲਬਧ ਨਹੀਂ ਹੁੰਦੀ ਹੈ। ਇਹ ਪ੍ਰੋਗਰਾਮ ਉਨ੍ਹਾਂ ਮਰੀਜ਼ਾਂ ਲਈ ਵੀ ਲਾਗੂ ਹੁੰਦਾ ਹੈ ਜੋ ਇੱਕ ਡਾਕਟਰੀ ਬੀਮਾ ਪ੍ਰੋਗਰਾਮ ਦੇ ਤਹਿਤ ਪਾੱਤਰ ਹਨ, ਪਰ ਉਨ੍ਹਾਂ ਕੋਲ ਕੋਈ ਵੀ ਬੀਮਾ ਸੁਰੱਖਿਆ ਨਹੀਂ ਹੈ ਕਿਉਂਕਿ ਉਨ੍ਹਾਂ ਨੇ ਉਨ੍ਹਾਂ ਦੇ ਫਾਇਦੇ ਦੀਆਂ ਸੀਮਾਵਾਂ ਨੂੰ ਅਧਿਕਤਮ ਰੇਂਜ਼ ਤਕ ਪ੍ਰਾਪਤ ਕਰ ਲਿੱਤਾ ਹੈ। ਮਰੀਜ਼ ਨੂੰ ਪਹਿਲੀ ਬਿਲ ਦੀ ਸਟੇਟਮੈਂਟ ਦੀ ਮਿਤੀ ਦੇ 30 ਦਿਨਾਂ ਦੇ ਅੰਦਰ ਓਵਰਲੇਕ ਮੈਡਿਕਲ ਸੈਂਟਰ ਅਤੇ/ਜਾਂ ਓਵਰਲੇਕ ਮੈਡਿਕਲ ਕਲੀਨਿਕਾਂ ਵਿੱਚ ਪੂਰੇ ਬਕਾਇਆ ਦਾ ਭੁਗਤਾਨ ਕਰਨ ਦੁਆਰਾ ਕੁੱਲ ਖਾਤੇ ਦੇ ਸ਼ੁਲਕਾਂ ਤੋਂ 30% ਛੂਟ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ। ਕਿਰਪਾ ਕਰਕੇ ਛੂਟ ਪ੍ਰਾਪਤ ਕਰਨ ਲਈ ਪ੍ਰਬੰਧਨਾਂ ਨੂੰ ਕਰਨ ਵਾਸਤੇ 425.688.5655 ਤੇ ਵਿੱਤੀ ਸਲਾਹਕਾਰ ਨਾਲ ਸੰਪਰਕ ਕਰੋ ਜਾਂ 425.688.5299 ਤੇ ਕਾਲ ਕਰੋ।

## ਵਿਸਤ੍ਰਿਤ ਭੁਗਤਾਨ ਯੋਜਨਾ ਦੇ ਪ੍ਰੋਗਰਾਮ

ਸਾਨੂੰ ਵਿਆਜ਼ ਮੁਕਤ ਭੁਗਤਾਨ ਯੋਜਨਾ ਨੂੰ ਸਥਾਪਤ ਕਰਨ ਲਈ ਤੁਹਾਡੇ ਨਾਲ ਕੰਮ ਕਰਨ ਵਿੱਚ ਖੁਸ਼ੀ ਹੈ। ਸਟੀਕ ਮਾਸਕ ਭੁਗਤਾਨ ਅਤੇ ਠੇਕੇ ਦੀ ਲੰਬਾਈ ਤੁਹਾਡੇ ਬਾਕੀ ਬਚੇ ਬਕਾਇਆ ਤੇ ਨਿਰਭਰ ਹੋਵੇਗੀ। ਸਾਰੀਆਂ ਭੁਗਤਾਨ ਯੋਜਨਾਵਾਂ ਵਿੱਚ ਤੁਹਾਨੂੰ ਇਕਰਾਰ ਕੀਤੀ ਅਨੁਸੂਚੀ ਅਤੇ ਓਵਰਲੇਕ ਦੇ ਵਿੱਤੀ ਸਲਾਹਕਾਰਾਂ ਦੁਆਰਾ ਸਥਾਪਤ ਕੀਤੀ ਰਕਮ ਦੇ ਅਧਾਰ ਤੇ ਮਾਸਕ ਭੁਗਤਾਨ ਕਰਨ ਲਈ ਲੋੜ ਹੁੰਦੀ ਹੈ। ਭੁਗਤਾਨ ਯੋਜਨਾਵਾਂ ਦੇ ਸਬੰਧਤ ਵਿੱਚ ਸੁਆਲਾਂ ਲਈ, ਕਿਰਪਾ ਕਰਕੇ 425.688.5299 ਤੇ ਕਾਲ ਕਰੋ।

## ਵਿੱਤੀ ਸਹਾਇਤਾ ਪ੍ਰੋਗਰਾਮ

ਇਹ ਪ੍ਰੋਗਰਾਮ ਬੀਮੇ ਦੁਆਰਾ ਭੁਗਤਾਨ ਕੀਤੇ ਜਾਣ ਤੋਂ ਬਾਅਦ, ਜਾਂ ਜਦੋਂ ਕੋਈ ਬੀਮਾ ਸਬੰਧੀ ਫਾਇਦੇ ਮੌਜੂਦ ਨਹੀਂ ਹੁੰਦੇ ਹਨ ਉਦੋਂ ਤੁਹਾਡੇ ਦਾਅਵੇ ਦੇ ਮਰੀਜ਼ ਦੀ ਜ਼ੁੰਮੇਵਾਰੀ ਵਾਲੇ ਹਿੱਸੇ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਉਪਲਬਧ ਹੈ। ਸੇਵਾ ਦੇ ਸਮੇਂ ਤੇ ਤੁਹਾਡੀ ਨਿਸ਼ਚਤ ਵਿੱਤੀ ਸਥਿਤੀ ਤੇ ਨਿਰਭਰ ਕਰਦੇ ਹੋਏ, ਤੁਸੀਂ ਆਪਣੇ ਖਾਤੇ ਤੇ ਬਾਕੀ ਦੇ ਬਕਾਇਆ ਤੇ 65% ਤੋਂ 100% ਦੀ ਛੂਟ ਲਈ ਪਾੱਤਰ ਹੋ ਸਕਦੇ ਹੋ। ਛੂਟ ਦੀ ਰਕਮ ਤੁਹਾਡੇ ਬਾਕੀ ਦੇ ਬਕਾਇਆ ਦੇ ਨਾਲ ਮੇਲ ਵਿੱਚ ਸੰਘੀ ਗਰੀਬੀ ਦੇ ਦਿਸ਼ਾ-ਨਿਰਦੇਸ਼ਾਂ ਦੀ ਪ੍ਰਤੀਸ਼ਤਤਾ ਵਜੋਂ ਤੁਹਾਡੇ ਆਮਦਨੀ ਤੇ ਨਿਰਭਰ ਕਰਦੇ ਹੋਏ ਅਨਿਸ਼ਚਤ ਹੁੰਦੀ ਹੈ। ਇਸ ਪ੍ਰੋਗਰਾਮ ਲਈ ਅਰਜ਼ੀ ਦੇਣ ਵਾਸਤੇ, ਤੁਹਾਨੂੰ ਸੇਵਾਵਾਂ ਪ੍ਰਦਾਨ ਕੀਤੇ ਜਾਣ ਤੋਂ ਬਾਅਦ ਅਤੇ/ਜਾਂ ਜਿੰਨੀ ਛੇਤੀ ਤੁਹਾਨੂੰ ਆਪਣੀ ਵਿੱਤੀ ਜ਼ੁੰਮੇਵਾਰੀ ਬਾਰੇ ਪਤਾ ਲਗਦਾ ਹੈ ਉਦੋਂ ਇੱਕ ਵਿੱਤੀ ਸਹਾਇਤਾ ਅਰਜ਼ੀ ਦੀ ਬੇਨਤੀ ਕਰਨ ਅਤੇ ਇਸ ਨੂੰ ਪੂਰਾ ਕਰਨ ਦੀ ਲੋੜ ਹੋਵੇਗੀ। ਅਰਜ਼ੀ ਵਿੱਚ ਤੁਹਾਨੂੰ ਆਪਣੀ ਆਮਦਨੀ ਬਾਰੇ ਨਿਸ਼ਚਤ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੋਵੇਗੀ ਅਤੇ ਓਵਰਲੇਕ ਹਸਪਤਾਲ ਐਸੋਸਿਏਸ਼ਨ ਅਰਜ਼ੀ ਦੀ ਪਰਕਿਰਿਆ ਦੇ ਦੌਰਾਨ ਸਿਹਤ ਦੇਖਭਾਲ ਨਾਲ ਸਬੰਧਤ ਕ੍ਰੈਡਿਟ ਜਾਂਚ (ਜੋ ਤੁਹਾਡੀ ਕ੍ਰੈਡਿਟ ਰੇਟਿੰਗ ਨੂੰ ਪ੍ਰਭਾਵਿਤ ਨਹੀਂ ਕਰਦੀ ਹੈ) ਦਾ ਸੰਚਾਲਨ ਕਰਨ ਦਾ ਅਧਿਕਾਰ ਸੁਰੱਖਿਅਤ ਰੱਖਦੀ ਹੈ। ਕਿਰਪਾ ਕਰਕੇ ਇਸ ਪ੍ਰੋਗਰਾਮ ਦੇ ਹੋਰ ਵਿਸਤ੍ਰਿਤ ਵਿਆਖਿਆਕਰਨ ਲਈ, ਜਾਂ ਅਰਜ਼ੀ ਦੀ ਬੇਨਤੀ ਕਰਨ ਲਈ 425.688.5299 ਤੇ ਕਾਲ ਕਰੋ। ਵਿੱਤੀ ਸਹਾਇਤਾ ਡੀਐਸਐਚਐਸ ਅਤੇ ਤੀਜੇ-ਪੱਖ ਦੀ ਦੇਣਦਾਰੀ ਦੇ ਮਾਮਲਿਆਂ ਸਮੇਤ (ਜਿਵੇਂ ਕਿ ਸਵੈ ਜਾਂ ਹੋਰ ਦੁਰਘਟਨਾ ਸਬੰਧੀ ਸੁਰੱਖਿਆ), ਸਿਰਫ ਸਾਰੇ ਹੋਰ ਭੁਗਤਾਨ ਦੇ ਵਿਕਲਪ ਪ੍ਰਾਪਤ ਕੀਤੇ ਜਾਣ ਤੋਂ ਬਾਅਦ ਹੀ ਲਾਗੂ ਹੁੰਦੀ ਹੈ।

EC20160301-